**ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ**

**ਕੋਵਿਡ 19 ਦੇ ਮੁੱਦੇ ਉਤੇ ਰਾਜਸੀ ਆਗੂਆਂ ਅਤੇ ਜਿਲਾ ਪ੍ਰਸ਼ਾਸ਼ਨ ਵੱਲੋਂ ਮੀਟਿੰਗ**

**-ਹਰੇਕ ਨਾਗਰਿਕ ਦਾ ਕੋਵਿਡ ਟੈਸਟ ਕਰਵਾਉਣ ਲਈ ਕੀਤੀਆਂ ਵਿਚਾਰਾਂ**

ਅੰਮ੍ਰਿਤਸਰ, 21 ਅਪ੍ਰੈਲ ( )-ਕੋਵਿਡ –19 ਦੇ ਖ਼ਤਰੇ ਨਾਲ ਨਿਜੱਠਣ ਲਈ ਅੰਮ੍ਰਿਤਸਰ ਜਿਲਾ ਪ੍ਰਸ਼ਾਸਨ ਵੱਲੋਂ ਹੁਣ ਤੱਕ ਕੀਤੇ ਗਏ ਪ੍ਰਬੰਧਾਂ , ਕੋਵਿਡ ਦੇ ਮਰੀਜਾਂ ਦਾ ਪਤਾ ਲਗਾਉਣ , ਉਨਾਂ ਦਾ ਇਲਾਜ ਕਰਵਾਉਣ ਤੇ ਕਰਫਿਊ ਦੌਰਾਨ ਲੋੜਵੰਦ ਲੋਕਾਂ ਤੱਕ ਰਾਸ਼ਨ ਅਤੇ ਹੋਰ ਸਮਾਨ ਦੀ ਪਹੁੰਚ ਸਬੰਧੀ ਵਿਚਾਰ-ਚਰਚਾ ਕਰਨ ਲਈ ਅੱਜ ਸਰਕਟ ਹਾਊਸ ਵਿਚ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ. ਪੀ. ਸੋਨੀ , ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ , ਮੇਅਰ ਸ. ਕਰਮਜੀਤ ਸਿੰਘ ਰਿੰਟੂ , ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ , ਵਿਧਾਇਕ ਸ੍ਰੀ ਸੁਨੀਲ ਦੱਤੀ , ਮੁੱਖ ਮੰਤਰੀ ਦੇ ਓ ਐਸ ਡੀ ਸ੍ਰੀ ਸੰਦੀਪ ਸਿੰਘ ਸੰਧੂ , ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ , ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ , ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸ੍ਰੀ ਦਿਨੇਸ਼ ਬੱਸੀ, ਐਸ ਡੀ ਐਮ ਸ੍ਰੀ ਵਿਕਾਸ ਹੀਰਾ ਨੇ ਵਿਸਥਾਰਤ ਮੀਟਿੰਗ ਕੀਤੀ।

ਮੀਟਿੰਗ ਵਿਚ ਡਾਕਟਰੀ ਸਿੱਖਿਆ ਅਤੇ ਖੋਜ ਮੰਤਰੀ ਸ੍ਰੀ ਓ. ਪੀ. ਸੋਨੀ ਨੇ ਡਿਪਟੀ ਕਮਿਸ਼ਨਰ ਦੀ ਅਗਵਾਈ ਹੇਠ ਸਮੁੱਚੀ ਟੀਮ ਵੱਲੋਂ ਕੀਤੇ ਗਏ ਉਪਰਾਲਿਆਂ ਦੀ ਸਰਾਹਨਾ ਕਰਦੇ ਕਿਹਾ ਕਿ ਅੱਜ ਦੀ ਲੋੜ ਹੈ ਕਿ ਜਿਲੇ ਦੇ ਹਰੇਕ ਸ਼ੱਕੀ ਵਿਅਕਤੀ ਦਾ ਕੋਵਿਡ 19 ਟੈਸਟ ਕਰਵਾਇਆ ਜਾਵੇ ਅਤੇ ਜੇਕਰ ਉਹ ਪਾਜ਼ਿਟਵ ਆਉਂਦਾ ਹੈ ਤਾਂ ਉਸ ਦਾ ਇਲਾਜ ਕੀਤਾ ਜਾਵੇ। ਉਨਾਂ ਕਿਹਾ ਕਿ ਵਾਇਰਸ ਦੇ ਖਾਤਮੇ ਲਈ ਹਰੇਕ ਨਾਗਰਿਕ ਦੇ ਸਾਥ ਦੀ ਲੋੜ ਹੈ। ਸ੍ਰੀ ਸੋਨੀ ਨੇ ਕਿਹਾ ਕਿ ਹਾਲ ਦੀ ਘੜੀ ਸਥਿਤੀ ਕੰਟਰੋਲ ਹੇਠ ਹੈ। ਦਾਖਲ ਮਰੀਜ਼ ਵੀ ਠੀਕ ਹੋ ਕੇ ਘਰਾਂ ਨੂੰ ਪਰਤ ਰਹੇ ਹਨ , ਜੋ ਕਿ ਰਾਹਤ ਵਾਲੀ ਗੱਲ ਹੈ। ਉਨਾਂ ਦੱਸਿਆ ਕਿ ਹਸਪਤਾਲਾਂ ਵਿਚ ਵੀ ਬਿਮਾਰੀ ਦੇ ਟਾਕਰੇ ਲਈ ਨਵੇਂ ਸਾਧਨ ਆ ਰਹੇ ਹਨ ਅਤੇ ਮਰੀਜਾਂ ਦੇ ਠੀਕ ਹੋਣ ਨਾਲ ਡਾਕਟਰਾਂ ਦੇ ਹੌਂਸਲੇ ਵੀ ਵਧੇ ਹਨ। ਇਸ ਤੋਂ ਇਲਾਵਾ ਬਿਮਾਰ ਮਰੀਜ਼ ਨੂੰ ਮਾਨਸਿਕ ਤੌਰ ਉਤੇ ਬਲ ਮਿਲਿਆ ਹੈ, ਜੋ ਕਿ ਸਮੇਂ ਦੀ ਲੋੜ ਹੈ।

ਸ. ਔਜਲਾ ਨੇ ਕਿਹਾ ਕਿ ਲੋੜਵੰਦ ਤੱਕ ਲੰਗਰ ਤੇ ਰਾਸ਼ਨ ਦੀ ਸਪਲਾਈ ਬਾਰੇ ਆਪਣੇ ਵਿਚਾਰ ਰੱਖੇ ਅਤੇ ਜਿਲੇ ਵਿਚ ਹੁਣ ਤੱਕ ਰਾਸ਼ਨ ਦੀ ਕੀਤੀ ਸਪਲਾਈ ਬਾਰੇ ਜਾਣਕਾਰੀ ਲਈ। ਉਨਾਂ ਕਿਹਾ ਕਿ ਜੇਕਰ ਇਹ ਸੰਭਵ ਹੋਵੇ ਕਿ ਹਰੇਕ ਵਾਸੀ ਦਾ ਟੈਸਟ ਹੋ ਸਕੇ ਤਾਂ ਇਸ ਤੋਂ ਵਧੀਆ ਹੋਰ ਕੋਈ ਉਪਾਅ ਨਹੀਂ। ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ ਤੇ ਵਿਧਾਇਕ ਸ੍ਰੀ ਸੁਨੀਲ ਦੱਤੀ ਨੇ ਆਪਣੇ-ਆਪਣੇ ਹਲਕੇ ਵਿਚ ਲੋੜਵੰਦ ਲੋਕਾਂ ਤੱਕ ਰਾਸ਼ਨ ਅਤੇ ਆਮ ਸ਼ਹਿਰੀ ਨੂੰ ਪੇਸ਼ ਆ ਰਹੀ ਦਿੱਕਤਾਂ ਬਾਰੇ ਗੱਲ ਕਰਦੇ ਇਸ ਨੂੰ ਹੋਰ ਸੁਖਾਲਾ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ। ਸ੍ਰੀ ਦਿਨੇਸ਼ ਬੱਸੀ ਨੇ ਕਿਹਾ ਕਿ ਆਰਥਿਕ ਤੌਰ ਉਤੇ ਜੇਕਰ ਕਿਸੇ ਤਰਾਂ ਦੀ ਕੋਈ ਸਹਾਇਤਾ ਚਾਹੀਦੀ ਹੋਵੇ ਤਾਂ ਬਤੌਰ ਨਗਰ ਸੁਧਾਰ ਟਰੱਸਟ ਚੇਅਰਮੈਨ ਉਹ ਹਰ ਤਰਾਂ ਸ਼ਹਿਰ ਵਾਸੀਆਂ ਨਾਲ ਖੜੇ ਹਨ।

ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਲੋੜਵੰਦ ਲੋਕਾਂ ਲਈ ਕੀਤੇ ਜਾ ਚੁੱਕੇ ਪ੍ਰਬੰਧ ਅਤੇ ਵੰਡ ਵਿਚ ਆ ਰਹੀਆਂ ਕੁੱਝ ਮੁਸ਼ਿਕਲਾਂ ਤੋਂ ਜਾਣੂੰ ਕਰਵਾਉਂਦੇ ਜਿਲਾ ਵਾਸੀਆਂ ਤੋਂ ਸਹਿਯੋਗ ਮੰਗਿਆ ਕਿ ਉਹ ਘਰਾਂ ਵਿਚ ਰਹਿ ਕੇ ਸਾਡਾ ਸਾਥ ਦੇਣ ਤਾਂ ਅਸੀਂ ਇਹ ਜੰਗ ਜਿੱਤਾਂਗੇ। ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਨੇ ਕਰਫਿਊ ਦੌਰਾਨ ਅਮਨ-ਕਾਨੂੰਨ ਦੇ ਨਾਲ-ਨਾਲ ਪੁਲਿਸ ਵੱਲੋਂ ਕੀਤੇ ਜਾ ਰਹੇ ਰਾਹਤ ਕੰਮਾਂ ਬਾਰੇ ਜਾਣੂੰ ਕਰਵਾਇਆ ਤਾਂ ਸਾਰੇ ਰਾਜਸੀ ਆਗੂਆਂ ਨੇ ਪੁਲਿਸ ਵੱਲੋਂ ਕੀਤੇ ਜਾ ਰਹੇ ਇੰਨਾਂ ਕੰਮਾਂ ਦੀ ਤਾਰੀਫ ਕੀਤੀ।

**ਕੈਪਸ਼ਨ**-ਸਰਕਟ ਹਾਊਸ ਵਿਚ ਮੀਟਿੰਗ ਕਰਦੇ ਸ੍ਰੀ ਓ ਪੀ ਸੋਨੀ। ਨਾਲ ਹਨ ਸ. ਗੁਰਜੀਤ ਸਿੰਘ ਔਜਲਾ , ਸ੍ਰੀ ਸੁਨੀਲ ਦੱਤੀ ਵਿਧਾਇਕ, ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋ ਤੇ ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ।

====================

File No.DIPR/131/2020-DPRO Amritsar
I/19493/2020

**ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ**

**ਫਿੱਕੀ ਫਲੋਅ ਨੇ ਪੈਰਾ ਮੈਡੀਕਲ ਸਟਾਫ ਤੇ ਅਨਾਜ ਮੰਡੀਆਂ ਲਈ ਲੋੜੀਂਦਾ ਸਾਜੋ-ਸਮਾਨ ਦਿੱਤਾ**

**ਓ ਪੀ ਸੋਨੀ ਅਤੇ ਔਜਲਾ ਵੱਲੋਂ ਸੰਸਥਾ ਦਾ ਧੰਨਵਾਦ**

ਅੰਮ੍ਰਿਤਸਰ, 21 ਅਪ੍ਰੈਲ ( )-ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਮਰਸ ਐਂਡ ਇੰਡਸਟਰੀ (ਫ਼ਿਕੀ) ਦੇ ਮਹਿਲਾ ਉਦਮੀਆਂ ਦੀ ਸੰਸਥਾ 'ਫਿਕੀ ਫਲੋਅ' ਨੇ ਕੋਵਿਡ 19 ਦੇ ਟਾਕਰੇ ਲਈ ਫੰਰਟ ਲਾਇਨ ਉਤੇ ਕੰਮ ਕਰ ਰਹੇ ਪੈਰਾ ਮੈਡੀਕਲ ਸਟਾਫ ਅਤੇ ਮੰਡੀਆਂ ਵਿਚ ਕਣਕ ਦੀ ਖਰੀਦ ਵਿਚ ਲੱਗੇ ਕਿਸਾਨਾਂ ਤੇ ਮਜ਼ਦੂਰਾਂ ਲਈ ਮਾਸਕ , ਸੈਨੇਟਾਇਜ਼ਰ, ਸਾਬੁਣ ਡਿਸਪੈਂਸਰ, ਥਰਮੋ ਸਕੈਨਰ ਦੇ ਕੇ ਵੱਡਾ ਯੋਗਦਾਨ ਪਾਇਆ ਹੈ। ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ ਨੇ ਸੰਸਥਾ ਵੱਲੋਂ ਕੀਤੀ ਇਸ ਪਹਿਲ ਕਦਮੀ ਦਾ ਸਵਾਗਤ ਕਰਦੇ ਕਿਹਾ ਕਿ ਇਸ ਵਿਚੋਂ 20 ਥਰਮੋ ਸਕੈਨਰ , 100 ਪੀ ਪੀ ਈ ਕਿੱਟਾਂ , 500 ਟ੍ਰਿਪਲ ਲੇਅਰ ਮਾਸਕ ਅਤੇ 100 ਐਨ 95 ਮਾਸਕ ਗੁਰੂ ਨਾਨਕ ਦੇਵ ਹਸਪਤਾਲ ਦੇ ਪੈਰਾ ਮੈਡੀਕਲ ਸਟਾਫ ਨੂੰ ਭੇਜ ਦਿੱਤੇ ਗਏ ਹਨ, ਜੋ ਕਿ ਇਸ ਵੇਲੇ ਮਰੀਜਾਂ ਦੇ ਇਲਾਜ ਵਿਚ ਲੱਗੇ ਹੋਏ ਹਨ। ਸ. ਔਜਲਾ ਨੇ ਇਸ ਖੇਪ ਵਿਚੋਂ 10 ਹਜ਼ਾਰ ਮਾਸਕ ਤੇ 5 ਇੰਨਫਰਾ ਰੈਡ ਥਰਮਾ ਮੀਟਰ, ਸਾਬਣ ਡਿਸਪੈਂਸਰ ਅਤੇ ਸੈਨੇਟਾਇਜ਼ਰ ਭਗਤਾਂਵਾਲਾ ਦੀ ਅਨਾਜ ਮੰਡੀ ਨੂੰ ਭੇਜੇ , ਤਾਂ ਜੋ ਉਥੇ ਕਣਕ ਲੈ ਕੇ ਆ ਰਹੇ ਕਿਸਾਨਾਂ ਤੇ ਖਰੀਦ ਵਿਚ ਲੱਗੇ ਮਜ਼ਦੂਰਾਂ ਨੂੰ ਵਾਇਰਸ ਤੋਂ ਬਚਾਈ ਰੱਖਣ ਵਿਚ ਮਦਦ ਮਿਲ ਸਕੇ। ਉਨਾਂ ਸੰਸਥਾ ਦੇ ਪ੍ਰਧਾਨ ਸ੍ਰੀਮਤੀ ਆਰੂਸ਼ੀ ਵਰਮਾ ਅਤੇ ਡਾ. ਅਨੁਜ ਦਾ ਧੰਨਵਾਦ ਕਰਦੇ ਕਿਹਾ ਕਿ ਸਿਹਤ ਵਰਗੇ ਅਹਿਮ ਮੁੱਦੇ ਉਤੇ ਸੰਸਥਾ ਨੇ ਸੰਕਟ ਦੇ ਦਿਨਾਂ ਵਿਚ ਸਾਥ ਦੇ ਕੇ ਵੱਡਾ ਪਰਉਪਕਾਰ ਕੀਤਾ ਹੈ। ਐਸ ਡੀ ਐਮ ਵਿਕਾਸ ਹੀਰਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਇਸ ਸੰਸਥਾ ਵੱਲੋਂ ਲੋੜਵੰਦਾਂ ਨੂੰ 6000 ਫੂਡ ਪੈਕਟ ਅਤੇ ਸੈਨੇਟਰੀ ਪੈਡ ਦਿੱਤੇ ਗਏ ਹਨ। ਉਨਾਂ ਦੱਸਿਆ ਕਿ ਜ਼ਿਲਾ ਪ੍ਰਸ਼ਾਸ਼ਨ ਨੂੰ ਸ਼ਹਿਰ ਦੀਆਂ ਕਈ ਸਿਵਲ ਸੁਸਾਇਟੀਆਂ ਵੱਲੋਂ ਰਾਹਤ ਕਾਰਜਾਂ ਵਿਚ ਵੱਡਾ ਯੋਗਦਾਨ ਮਿਲ ਰਿਹਾ ਹੈ, ਜਿਸ ਸਦਕਾ ਅਸੀਂ ਹਰੇਕ ਲੋੜਵੰਦ ਤੱਕ ਰਾਹਤ ਪਹੁੰਚਾਉਣ ਵਿਚ ਕਾਮਯਾਬ ਹੋਏ ਹਾਂ।

ਕੈਪਸ਼ਨ

ਫ਼ਿਕੀ ਫਲੋਅ ਵੱਲੋਂ ਆਏ ਸੈਨੇਟਾਈਜ਼ਰ ਤੇ ਮਾਸਕ ਪ੍ਰਾਪਤ ਕਰਦੇ ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ ਪੀ ਸੋਨੀ। ਨਾਲ ਹਨ ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ।

==================

**ਦਫਤਰ ਜ਼ਿਲਾ ਲੋਕ ਸੰਪਰਕ ਅਫਸਰ,ਅੰਮ੍ਰਿਤਸਰ।**

**ਡੇਰਾ ਬਿਆਸ ਰੋਜ਼ਾਨਾ ਮਜੀਠਾ ਵਿਖੇ ਲੋੜਵੰਦਾਂ ਨੂੰ ਵੰਡ ਰਿਹਾ 14 ਹਜ਼ਾਰ 'ਪੈਕਡ ਫੂਡ'-ਕਾਲੀਆ**

**ਕਣਕ ਦੀ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ**

**ਆੜਤੀਆਂ ਅਤੇ ਲੇਬਰ ਨੂੰ ਵੰਡੇ ਸੈਨੀਟਾਈਜਰ ਅਤੇ ਮਾਸਕ**

ਅੰਮ੍ਰਿਤਸਰ/ਮਜੀਠਾ 21 ਅਪਰੈਲ ( )-ਕੋਰੋਨਾ ਮਹਾਂਮਾਰੀ ਦੇ ਚੱਲਦਿਆਂ ਜਿਥੇ ਸਰਕਾਰਾਂ ਲੋੜਵੰਦਾਂ ਲਈ ਹਰ ਤਰਾਂ ਦੇ ਪ੍ਰਬੰਧ ਕਰ ਰਹੀਆਂ ਹਨ ਉਥੇ ਕਈ ਧਾਰਮਿਕ ਸੰਸਥਾਵਾਂ ਵੀ ਲੋੜਵੰਦਾਂ ਦੀ ਸਹਾਇਤਾ ਲਈ ਲਗਾਤਾਰ ਕੰਮ ਕਰ ਰਹੀਆਂ ਹਨ। ਡੇਰਾ ਬਿਆਸ ਵਲੋ ਰੋਜ਼ਾਨਾ 14 ਹਜਾਰ ਫੂਡ ਪੈਕਟ ਮਜੀਠਾ ਹਲਕੇ ਦੇ ਲੋੜਵੰਦਾ ਲਈ ਭੇਜੇ ਜਾ ਰਹੇ ਹਨ।

ਇੰਨਾਂ ਸ਼ਬਦਾਂ ਦਾ ਪ੍ਰਗਟਾਵਾ ਸ੍ਰੀਮਤੀ ਅਲਕਾ ਕਾਲੀਆ ਐਸ ਡੀ ਐਮ ਮਜੀਠਾ ਨੇ ਦਾਨਾ ਮੰਡੀ ਮਜੀਠਾ ਵਿਖੇ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ। ਉਨਾਂ ਇਸ ਮੌਕੇ ਮੰਡੀ ਵਿਖੇ ਆੜਤੀਆਂ , ਸਟਾਫ ਅਤੇ ਲੇਬਰ ਨੂੰ ਸੈਨੀਟਾਈਜਰ ਅਤੇ ਧੋ ਕੇ ਵਰਤਣ ਵਾਲੇ ਮਾਸਕਾਂ ਦੀ ਵੰਡ ਵੀ ਕੀਤੀ। ਉਨਾਂ ਹਦਾਇਤ ਕੀਤੀ ਕਿ ਮੰਡੀ ਵਿਚ ਕੰਮ ਕਰਦਾ ਜਾਂ ਕਣਕ ਲੈ ਕੇ ਆਉਂਦਾ ਕੋਈ ਵੀ ਵਿਅਕਤੀ ਆਪਸੀ ਦੂਰੀ ਦੀ ਪਾਲਣਾ ਸਬੰਧੀ ਹਦਾਇਤ ਨੂੰ ਹਰ ਹੀਲੇ ਆਪਣੇ ਆਪ ਉਤੇ ਲਾਗੂ ਕਰੇ , ਤਾਂ ਜੋ ਵਾਇਰਸ ਨੂੰ ਫੈਲਣ ਦਾ ਮੌਕਾ ਹੀ ਨਾ ਮਿਲ ਸਕੇ। ਉਨਾਂ ਦੱਸਿਆ ਕਿ ਕੋਰੋਨਾ ਵਾਇਰਸ ਨੂੰ ਲੈ ਕੇ ਮੰਡੀਆਂ ਵਿਚ ਹਰ ਤਰਾਂ • ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ, ਪਰ ਇਹ ਸਭ ਤਾਂ ਹੀ ਕੰਮ ਕਰਨਗੇ ਜੇਕਰ ਮੰਡੀ ਵਿਚ ਆਉਂਦਾ ਹਰ ਵਿਅਕਤੀ ਇਨਾਂ ਦੀ ਵਰਤੋਂ ਕਰੇ। ਉਨਾਂ ਸੈਕਟਰੀ ਮਾਰਕੀਟ ਕਮੇਟੀ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿਚ ਲੋਕਾਂ ਨੂੰ ਇਕ ਸਥਾਨ ਤੇ ਇਕੱਠਾ ਨਾ ਹੋਣ ਦਿੱਤਾ ਜਾਵੇ ਅਤੇ ਉਨਾਂ ਵਿਚ ਘੱਟੋ ਘੱਟ ਇਕ ਮੀਟਰ ਦਾ ਫਾਸਲਾ ਜ਼ਰੂਰ ਰੱਖਿਆ ਜਾਵੇ।

ਐਸ ਡੀ ਐਮ ਨੇ ਦੱਸਿਆ ਕਿ ਮਜੀਠਾ ਵਿਖੇ ਨਗਰ ਕੋਸਲ ਵਲੋ ਸ਼ਹਿਰ ਦੇ ਇਲਾਕਿਆਂ ਵਿਚ ਅਤੇ ਬਲਾਕ ਵਿਕਾਸ ਤੇ ਪ੍ਰਜੈਕਟ ਅਫਸਰਾਂ ਵਲੋ ਪਿੰਡਾਂ ਨੂੰ ਲਗਾਤਾਰ ਸੈਨੀਟਾਈਜ਼ ਕੀਤਾ ਜਾ ਰਿਹਾ ਹੈ। ਉਨਾਂ ਦੱਸਿਆ ਕਿ ਜਦ ਤੱਕ ਇਹ ਮਹਾਂਮਾਰੀ ਚਲ ਰਹੀ ਹੈ ਤਦ ਤਕ ਰੋਜ਼ਾਨਾਂ ਮੰਡੀਆਂ ਨੂੰ ਵੀ ਸੈਨੀਟਾਈਜ਼ ਕੀਤਾ ਜਾਵੇਗਾ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਵਿਚ ਹੀ ਰਹਿਣ ਅਤੇ ਬਹੁਤ ਜ਼ਰੂਰਤ ਅਨੁਸਾਰ ਹੀ ਘਰੋ ਬਾਹਰ ਨਿਕਲਣ। ਉਨਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਮੁਸ਼ਕਲ ਪੇਸ਼ ਆਉਦੀ ਹੈ ਤਾਂ ਮਜੀਠਾ ਵਿਖੇ ਬਣੇ ਕੰਟਰੋਲ ਰੂਮ ਨਾਲ ਸੰਪਰਕ ਸਥਾਪਤ ਕੀਤਾ ਜਾਵੇ। ਇਸ ਮੌਕੇ ਨਾਇਬ ਤਹਿਸੀਲਦਾਰ ਮਜੀਠਾ ਸ੍ਰ ਜਸਬੀਰ ਸਿੰਘ ਸੰਧੂ ਵੀ ਹਾਜ਼ਰ ਸਨ।

ਕੈਪਸ਼ਨ : ਸ੍ਰੀਮਤੀ ਅਲਕਾ ਕਾਲੀਆ ਐਸ ਡੀ ਐਮ ਮਜੀਠਾ ਕਣਕ ਦੀ ਖਰੀਦ ਪ੍ਰਬੰਧਾਂ ਦਾ ਜਾਇਜਾ ਲੈਂਦੇ ਹੋਏ।

ਕੈਪਸ਼ਨ : ਸ੍ਰੀਮਤੀ ਅਲਕਾ ਕਾਲੀਆ ਐਸ ਡੀ ਐਮ ਮਜੀਠਾ ਆੜਤੀਆਂ ,ਸਟਾਫ ਅਤੇ ਲੇਬਰ ਨੂੰ ਸੈਨੀਟਾਈਜਰ ਅਤੇ ਮਾਸਕ ਦਿੰਦੇ ਹੋਏ

==================

File No.DIPR/131/2020-DPRO Amritsar

I/19497/2020

**ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ**

**ਕੇਵਲ ਜ਼ਰੂਰੀ ਵਸਤਾਂ ਦੀ ਪਹੁੰਚ ਹੀ ਦੇ ਸਕਣਗੀਆਂ ਆਨ ਲਾਇਨ ਕਾਰੋਬਾਰ ਸੰਸਥਾਵਾਂ-ਡਿਪਟੀ ਕਮਿਸ਼ਨਰ**

**ਘਰਾਂ ਵਿਚ ਨਹੀਂ ਪਹੁੰਚਾ ਸਕਦੇ ਤਿਆਰ ਖਾਣਾ ਰੈਸਟੋਰੈਂਟ ਅਤੇ ਬੇਕਰੀਆਂ**

ਅੰਮ੍ਰਿਤਸਰ, 21 ਅਪ੍ਰੈਲ ( )-ਕੋਵਿਡ 19 ਦੇ ਚੱਲਦੇ ਜਿਲਾ ਮੈਜਿਸਟਰੇਟ ਵੱਲੋਂ ਆਨ ਲਾਇਨ ਵਪਾਰ ਕਰਨ ਵਾਲੀਆਂ ਕਈ ਕੰਪਨੀਆਂ ਨੂੰ ਘਰਾਂ ਵਿਚ ਵਸਤਾਂ ਪਹੁੰਚਾ ਸਕਣ ਦੀ ਖੁੱਲ ਦਿੱਤੀ ਗਈ ਹੈ , ਪਰ ਇਹ ਛੋਟ ਕੇਵਲ ਰਾਸ਼ਨ , ਕਰਿਆਨਾ, ਦਵਾਈਆਂ, ਦੁੱਧ ਆਦਿ ਦੀ ਵਿਕਰੀ ਤੱਕ ਹੀ ਸੀਮਤ ਹੈ। ਉਕਤ ਪ੍ਰਗਟਾਵਾ ਕਰਦੇ ਜਿਲਾ ਮੈਜਿਸਟਰੇਟ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਜਾਰੀ ਕੀਤੇ ਆਪਣੇ ਹੁਕਮਾਂ ਵਿਚ ਸਪੱਸ਼ਟ ਕੀਤਾ ਕਿ ਗ੍ਰਿਹ ਵਿਭਾਗ ਵੱਲੋਂ ਬੀਤੇ ਦਿਨ ਆਈਆਂ ਹਦਾਇਤਾਂ ਦੇ ਮੱਦੇਨਜ਼ਰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਤਰਾਂ ਦੀਆਂ ਗੈਰ ਜ਼ਰੂਰੀ ਵਸਤਾਂ ਦੀ ਵਿਕਰੀ ਜਾਂ ਪਹੁੰਚ ਇੰਨਾਂ ਆਨ ਲਾਇਨ ਕੰਪਨੀਆਂ ਵੱਲੋਂ ਨਹੀਂ ਕੀਤੀ ਜਾ ਸਕਦੀ। ਹੁਕਮਾਂ ਵਿਚ ਉਨਾਂ ਸਪੱਸ਼ਟ ਕੀਤਾ ਕਿ ਸਾਰੀਆਂ ਆਨ ਲਾਈਨ ਕਾਰੋਬਾਰ ਕਰਨ ਵਾਲੀਆਂ ਕੰਪਨੀਆਂ ਅੱਜ ਦੀ ਲੋੜ ਅਨੁਸਾਰ ਰਾਸ਼ਨ , ਕਰਿਆਨਾ, ਸਾਫ-ਸਫਾਈ ਵਿਚ ਵਰਤੇ ਜਾਣ ਵਾਲੇ ਉਤਪਾਦ ਜਿਵੇਂ ਕਿ ਸਾਬਣ, ਸੈਨੇਟਾਈਜ਼ਰ, ਮਾਸਕ ਆਦਿ ਤੋਂ ਇਲਾਵਾ ਸਬਜੀਆਂ , ਫਲ, ਦੁੱਧ ਤੇ ਦੁੱਧ ਤੋਂ ਬਣੇ ਉਤਪਾਦ ਹੀ ਘਰਾਂ ਵਿਚ ਜਾ ਕੇ ਦੇ ਸਕਣਗੀਆਂ। ਇਸ ਤੋਂ ਇਲਾਵਾ ਕੋਈ ਹੋਰ ਉਤਪਾਦ ਵੇਚਣ ਜਾਂ ਘਰਾਂ ਵਿਚ ਪਹੁੰਚਾਉਣ ਦੀ ਆਗਿਆ ਨਹੀਂ ਹੈ। ਉਨਾਂ ਲਿਖਿਆ ਕਿ ਜੇਕਰ ਇਸ ਤੋਂ ਪਹਿਲਾਂ ਕਿਸੇ ਸੰਸਥਾ ਜਾਂ ਅਦਾਰੇ ਨੂੰ ਅਜਿਹੇ ਪਦਾਰਥਾਂ ਤੋਂ ਬਿਨਾਂ ਕਿਸੇ ਹੋਰ ਵਸਤੂ ਦੀ ਘਰ ਪਹੁੰਚ ਕਰਨ ਦੀ ਆਗਿਆ ਦਿੱਤੀ ਹੈ, ਤਾਂ ਉਹ ਵੀ ਅੱਜ ਤੋਂ ਰੱਦ ਸਮਝੀ ਜਾਵੇਗੀ।

=============

File No.DIPR/131/2020-DPRO Amritsar
I/19495/2020

**ਦਫਤਰ ਜ਼ਿਲਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ**

**ਕੋਰੋਨਾ ਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਜਨਤਕ ਥਾਵਾਂ ਉਤੇ ਮਾਸਕ ਜ਼ਰੂਰ ਪਹਿਣਨਾ ਲਾਜ਼ਮੀ-ਸਿਵਲ ਸਰਜਨ**

**-ਸਿਹਤ ਵਿਭਾਗ ਵੱਲੋਂ ਜਾਰੀ ਨਿਯਮ ਅਤੇ ਸਮਾਜਿਕ ਦੂਰੀ ਦੀ ਪਾਲਣਾ ਯਕੀਨੀ ਬਣਾਉ**

ਅੰਮ੍ਰਿਤਸਰ, 21ਅਪ੍ਰੈਲ ( )-ਕੋਵਿਡ 19 ਦੇ ਪਸਾਰ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਜਨਤਕ ਥਾਵਾਂ ਉਤੇ ਹਰੇਕ ਨਾਗਰਿਕ ਲਈ ਮਾਸਕ ਪਹਿਨਣਾ ਜ਼ਰੂਰੀ ਕਰਾਰ ਦਿੱਤਾ ਹੈ ਅਤੇ ਇਸ ਦੀ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ। ਉਕਤ ਅਪੀਲ ਕਰਦੇ ਸਿਵਲ ਸਰਜਨ ਡਾ. ਜੁਗਲ ਕਿਸ਼ੋਰ ਨੇ ਦੱਸਿਆ ਕਿ ਇਸ ਖਤਰਨਾਕ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸਿਹਤ ਵਿਭਾਗ ਵੱਲੋਂ ਸੁਝਾਈਆਂ ਗਈਆਂ ਸਾਵਧਾਨੀਆਂ ਦੀ ਪਾਲਣਾ ਬੇਹੱਦ ਜ਼ਰੂਰੀ ਹਨ, ਜਿੰਨਾ ਵਿਚੋਂ ਮਾਸਕ ਪਹਿਲੀ ਤਰਜੀਹ ਹੈ। ਉਨਾਂ ਕਿਹਾ ਕਿ ਇਸ ਸਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਹੋ ਜਾਣ ਕਾਰਨ ਹੁਣ ਇਸ ਹੁਕਮ ਦੀ ਪਾਲਣਾ ਲਈ ਅਸੀਂ ਸਾਰੇ ਪਾਬੰਦ ਹਾਂ ਅਤੇ ਅਜਿਹਾ ਨਾ ਕਰਨ ਉਤੇ ਪੁਲਿਸ ਵੱਲੋਂ ਵੀ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ। ਉਨਾਂ ਕਿਹਾ ਕਿ ਜਿਹੜੇ ਵਿਅਕਤੀ ਜਨਤਕ ਥਾਵਾਂ ਉੱਤੇ ਬਿਨਾਂ ਮਾਸਕ ( ਚਾਹੇ ਉਹ ਘਰ ਬਣਾਇਆ ਹੋਵੇ ਜਾਂ ਕੋਈ ਹੋਰ ਹੋਵੇ) ਤੋਂ ਬਿਨਾਂ ਹੋਵੇਗਾ , ਉਸ ਵਿਰੁੱਧ ਮਹਾਂਮਾਰੀ ਕਾਨੂੰਨ ਦੀਆਂ ਧਾਰਾਵਾਂ ਅਨੁਸਾਰ ਚਲਾਨ ਕੱਟਿਆ ਜਾਵੇਗਾ।

ਉਨਾਂ ਦੱਸਿਆ ਕਿ ਹਦਾਇਤਾਂ ਅਨੁਸਾਰ ਜੋ ਵਿਅਕਤੀ ਦਫਤਰਾਂ , ਉਦਯੋਗਾਂ ਜਾਂ ਹੋਰ ਥਾਵਾਂ 'ਤੇ ਕੰਮ ਕਰਦੇ ਹਨ ਜਾਂ ਸਫਰ ਕਰਦੇ ਹਨ, ਉਹ ਮਾਸਕ ਹਰ ਹਾਲਤ ਵਿਚ ਪਹਿਣਨਗੇ। ਸਿਵਲ ਸਰਜਨ ਨੇ ਸਾਰੇ ਨਿਵਾਸੀਆਂ ਨੂੰ ਆਪਸੀ ਦੂਰੀ ਬਣਾ ਕੇ ਰੱਖਣ ਤੇ ਜਨਤਕ ਥਾਵਾਂ ਉਤੇ ਵਸਤਾਂ ਨੂੰ ਨਾ ਛੂਹਣ , ਨੱਕ, ਮੂੰਹ ਤੇ ਅੱਖਾਂ ਨੂੰ ਛੂਹਣ ਤੋਂ ਪਹਿਲਾਂ ਹਰ ਹਾਲਤ ਵਿਚ ਹੱਥ ਧੋਣ ਦੀ ਲੋੜ ਉਤੇ ਜ਼ੋਰ ਦਿੰਦੇ ਕਿਹਾ ਕਿ ਪੰਜਾਬ ਸਰਕਾਰ ਨੇ ਕਰਫਿਊ ਲਗਾ ਕੇ ਤਹਾਨੂੰ ਘਰਾਂ ਵਿਚ ਰਹਿਣ ਦੇ ਦੋ ਆਦੇਸ਼ ਦਿੱਤੇ ਹਨ , ਉਸ ਦੀ ਪਾਲਣਾ ਕਰਕੇ ਹੀ ਇਸ ਦੀ ਲੜੀ ਨੂੰ ਤੋੜ ਕੇ ਵਾਇਰਸ ਵਿਰੁੱਧ ਜੰਗ ਜਿੱਤੀ ਜਾ ਸਕਦੀ ਹੈ।